27/9/2018

LC... (20..) 227

# ਪੰਜਾਬੀ ਯੂਨੀਵਰਸਿਟੀ, ਪਟਿਆਲਾ

(1961 ਦੇ ਪੰਜਾਬ ਐਕਟ ਨੰਬਰ 35 ਤਹਿਤ ਸਥਾਪਿਤ)

(ਕਾਲਜ ਸੈਕਸ਼ਨ)

ਨੰਬਰ 6210 ਕਾਲਜ/...

ਮਿਤੀ 27/9/2018

ਪ੍ਰਿੰਸੀਪਲ,
ਬਾਬਾ ਫਰੀਦ ਕਾਲਜ ਆਫ ਐਜੂਕੇਸ਼ਨ,
ਮੁਕਤਸਰ ਰੋਡ, ਦਿਉਣ,
ਬਠਿੰਡਾ।

ਵਿਸ਼ਾ: ਸੈਸ਼ਨ 2018-19 ਤੋਂ ਬੀ.ਏ. ਬੀ.ਐਡ /ਬੀ.ਐਸ.ਸੀ-ਬੀ.ਐਡ (ਚਾਰ ਸਾਲਾ) ਇੰਟੇਗ੍ਰੇਟਿਡ ਕੋਰਸ ਭਾਗ ਪਹਿਲਾ ਦੀ ਪ੍ਰਵਾਨਗੀ ਸਬੰਧੀ।

ਸ਼੍ਰੀਮਾਨ ਜੀ,

ਉਪਰੋਕਤ ਵਿਸ਼ੇ ਸਬੰਧੀ ਆਪ ਜੀ ਵੱਲੋਂ ਪ੍ਰਾਪਤ ਹੋਏ ਪੱਤਰ ਨੰਬਰ BFCE/BTI/2018/1290 dated 26-09-2018 ਦੇ ਹਵਾਲੇ ਵਿਚ ਸੂਚਿਤ ਕੀਤਾ ਜਾਂਦਾ ਹੈ ਕਿ ਆਪ ਦੇ ਕਾਲਜ ਨੂੰ ਬੀ.ਏ. ਬੀ.ਐਡ /ਬੀ.ਐਸ.ਸੀ-ਬੀ.ਐਡ (ਚਾਰ ਸਾਲ) ਇੰਟੇਗ੍ਰੇਟਿਡ ਕੋਰਸਾਂ (02 ਯੂਨਿਟ 100 ਸੀਟਾਂ) ਲਈ ਐਨ.ਸੀ.ਟੀ.ਈ. ਵੱਲੋਂ ਆਪਣੇ ਪੱਤਰ ਨੰਬਰ F.No. NRC/NCTE/NRCAPP-11299/288th Meeting/2018/196707 dated 12 Sep.2018 ਰਾਹੀਂ ਸੈਸ਼ਨ 2019-20 ਤੋਂ ਸ਼ੁਰੂ ਕਰਨ ਦੀ ਪ੍ਰਵਾਨਗੀ ਦਿੱਤੀ ਗਈ ਸੀ, ਪ੍ਰੰਤੂ ਮਾਨਯੋਗ ਪੰਜਾਬ ਅਤੇ ਹਰਿਆਣਾ ਹਾਈ ਕੋਰਟ, ਚੰਡੀਗੜ੍ਹ ਵੱਲੋਂ ਦਿੱਤੀ ਗਈ ਜੱਜਮੈਂਟ/ਫੈਸਲਾ (CWP 23778-2018 date 26-9-2018) ਅਤੇ ਮੁਆਇਨਾ ਕਮੇਟੀ ਵੱਲੋਂ ਪੇਸ਼ ਕੀਤੀ ਗਈ ਰਿਪੋਰਟ ਵਿਚ ਦਰਜ ਸਿਫਾਰਸ਼ਾਂ ਦੀ ਲੋਅ ਵਿਚ ਵਾਈਸ-ਚਾਂਸਲਰ ਸਾਹਿਬ ਦੇ ਅਕਾਦਮਿਕ ਕੌਂਸਲ ਦੀ ਪ੍ਰਵਾਨਗੀ ਦੀ ਆਸ ਵਿਚ ਹੋਏ ਆਦੇਸ਼ਾਂ ਅਨੁਸਾਰ ਕਾਲਜ ਵਿਖੇ ਸੈਸ਼ਨ 2018-19 ਤੋਂ ਬੀ.ਏ-ਬੀ.ਐਡ/ਬੀ.ਐਸ.ਸੀ-ਬੀ.ਐਡ. (ਚਾਰ ਸਾਲਾ) ਇੰਟੇਗ੍ਰੇਟਿਡ ਕੋਰਸ ਭਾਗ ਪਹਿਲਾ (02 ਯੂਨਿਟ 100 ਸੀਟਾਂ) ਸ਼ੁਰੂ ਕਰਨ ਦੀ ਪ੍ਰਵਾਨਗੀ ਦਿੱਤੀ ਜਾਂਦੀ ਹੈ।

- ਯੂਨੀਵਰਸਿਟੀ ਨਿਯਮਾਂ ਅਨੁਸਾਰ ਉਕਤ ਕੋਰਸਾਂ ਲਈ ਸਲਾਨਾ ਸਰਵਿਸ ਚਾਰਜ ਵਜੋਂ 1,00,000/-ਰੁਪਏ ਦਾ ਬੈਂਕ ਡਰਾਫਟ ਰਜਿਸਟਰਾਰ, ਪੰਜਾਬੀ ਯੂਨੀਵਰਸਿਟੀ, ਪਟਿਆਲਾ ਦੇ ਨਾਮ ਤੇ ਹਰ ਸਾਲ 31 ਅਗਸਤ ਤੋਂ ਪਹਿਲਾਂ ਭੇਜਣਾ ਲਾਜਮੀ ਹੋਵੇਗਾ।
  ਇਹ ਸਪਸ਼ਟ ਹੈ ਕਿ ਇਹ ਸਲਾਨਾ ਸਰਵਿਸ ਚਾਰਜਿਜ਼ ਕਾਲਜ ਦੀ ਇੰਡੋਮੈਂਟ ਫੰਡ ਵਜੋਂ ਕਾਲਜ ਸੈਕਸ਼ਨ ਵਿਖੇ ਜਮ੍ਹਾਂ ਪਈ ਐਫ.ਡੀ.ਆਰ ਤੇ ਲਏ ਜਾਂਦੇ 5% ਸਰਵਿਸ ਚਾਰਜ ਤੋਂ ਵੱਖਰੇ ਹੋਣਗੇ।

- ਸੈਸ਼ਨ 2019-20 ਤੋਂ ਬੀ.ਏ. ਬੀ.ਐਡ /ਬੀ.ਐਸ.ਸੀ-ਬੀ.ਐਡ (ਚਾਰ ਸਾਲਾ) ਇੰਟੇਗ੍ਰੇਟਿਡ ਕੋਰਸਾਂ ਦੇ ਭਾਗ ਦੂਜਾ ਦੀ ਪ੍ਰਵਾਨਗੀ ਸਬੰਧੀ ਕਾਲਜ ਵੱਲੋਂ ਬੇਨਤੀ ਪੱਤਰ ਭੇਜਣਾ ਲਾਜ਼ਮੀ ਹੋਵੇਗਾ।

Jaspal Kaur 27/9/18
ਡੀਨ, ਕਾਲਜ ਵਿਕਾਸ ਕੌਂਸਲ

COLLEGE OF EDUCATION BATHINDA
745
28/9/18